# ਸ਼ੇਖ ਫੱਤੇ ਦੀ ਯਾਤਰਾ ਕਿਉਂ ?

ਸ. ਰਾਜਵਿੰਦਰ ਸਿੰਘ ਜੋਗਾ

ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ ਸਾਹਿਬ।

ਭੇਟਾ ਰਹਿਤ

Sri Satguru Jagjit Singh Ji Elibrary NamdhariElibrary@gmail.com


ਸੋ ਭਗਤ ਸਤਿਗੁਰ ਮਨਿ ਭਾਏ


ਸਰਦਾਰ ਹਰੀ ਸਿੰਘ ਨਲਵਾ


ਜੋਤਿ ਪ੍ਰਗਾਸ

ਪ੍ਰਕਾਸ਼ਕ:
ਸਕੱਤਰ, ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ),
ਸ੍ਰੀ ਅੰਮ੍ਰਿਤਸਰ ਸਾਹਿਬ।

ਲੇਖਕ:
ਸ. ਰਾਜਵਿੰਦਰ ਸਿੰਘ ਜੋਗਾ
ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।

ਮਾਰਚ, 2018 30,000

ਛਾਪਣ ਵਾਲੇ:
ਗੋਲਡਨ ਆਫ਼ਸੈਟ ਪ੍ਰੈਸ,
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ।

Sri Satguru Jagjit Singh Ji Elibrary NamdhariElibrary@gmail.com

# ਸ਼ੇਖ ਫੱਤੇ ਦੀ ਯਾਤਰਾ ਕਿਉਂ?

ਸਿੱਖ ਧਰਮ ਦੁਨੀਆਂ ਦੇ ਤਮਾਮ ਧਰਮਾਂ ਵਿਚੋਂ ਛੋਟੀ ਉਮਰ ਦਾ ਧਰਮ ਹੈ। ਇਸ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਸਨ। ਗੁਰੂ ਨਾਨਕ ਸਾਹਿਬ ਦੇ ਸਮੇਂ ਦੇ ਹਾਲਾਤ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਪੱਖੋਂ ਬਹੁਤ ਮਾੜੇ ਸਨ। ਕੁਲ ਲੋਕਾਈ ਧਾਰਮਿਕ ਕਰਮ-ਕਾਂਡਾਂ ਵਿਚ ਬੁਰੀ ਤਰ੍ਹਾਂ ਜਕੜੀ ਹੋਈ ਸੀ। ਗੁਰੂ ਪਾਤਸ਼ਾਹ ਜੀ ਨੇ ਸਰਬ ਲੋਕਾਈ ਨੂੰ ਅਜਿਹੀ ਵਲਗਣ ਵਿਚੋਂ ਕੱਢਣ ਦਾ ਪੂਰਾ ਯਤਨ ਕੀਤਾ। ਗੁਰੂ ਨਾਨਕ ਸਾਹਿਬ ਦੇ ਪੂਰਨਿਆਂ 'ਤੇ ਚਲਦੇ ਹੋਏ ਬਾਕੀ ਗੁਰੂ ਸਾਹਿਬਾਨ ਨੇ ਸਮਕਾਲੀਨ ਸਥਿਤੀਆਂ ਅਨੁਸਾਰ ਆਪਣਾ ਯੋਗਦਾਨ ਪਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਂਝੀਵਾਲਤਾ ਲਈ ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਕੀਤੀ। ਸਰਬ ਲੋਕਾਈ ਦੇ ਜੀਵਨ ਮਾਰਗ ਨੂੰ ਰੁਸ਼ਨਾਉਣ ਲਈ ਆਦਿ ਸ੍ਰੀ (ਗੁਰੂ) ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਵਾ ਕੇ ਸ੍ਰੀ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ਮਾਨ ਕਰ ਕੇ ਊਚ-ਨੀਚ ਦੇ ਫ਼ਰਕ ਨੂੰ ਮਿਟਾਉਣ ਅਤੇ ਵੱਖ-ਵੱਖ ਫ਼ਿਰਕਿਆਂ ਵਿਚੋਂ ਨਫ਼ਰਤ ਦੇ ਜ਼ਹਿਰ ਨੂੰ ਖ਼ਤਮ ਕਰਨ ਲਈ ਜਤਨ ਆਰੰਭ ਕੀਤੇ। ਵਹਿਮਾਂ-ਭਰਮਾਂ ਵਿਚ ਗ੍ਰਸੇ ਲੋਕਾਂ ਨੂੰ ਸੇਧ ਦੇਣ ਲਈ ਪ੍ਰਚਾਰ ਫੇਰੀਆਂ ਰਾਹੀਂ ਥਾਂ-ਥਾਂ ਜਾ ਕੇ ਗੁਰਮਤਿ ਦੀ ਰੌਸ਼ਨੀ ਵਿਚ ਜੀਵਨ ਜੀਉਣ ਦਾ ਉਪਦੇਸ਼ ਦਿੱਤਾ। ਇਸ ਸਮੇਂ ਹਿੰਦੋਸਤਾਨ ਅੰਦਰ ਮੁਗ਼ਲ ਹਕੂਮਤ ਦਾ ਰਾਜ ਸੀ। ਉਹ ਪੂਰੇ ਭਾਰਤ ਦੇ ਲੋਕਾਂ ਨੂੰ ਆਪਣੇ ਧਰਮ ਵਿਚ ਲਿਆਉਣਾ ਚਾਹੁੰਦੇ ਸਨ, ਇਸ ਲਈ ਉਨ੍ਹਾਂ ਨੇ ਆਪਣੇ ਧਰਮ ਦੇ ਬੰਦਿਆਂ ਤੋਂ ਕੰਮ ਲਿਆ। ਧਰਮ ਪ੍ਰਚਾਰ ਹਿੱਤ

Sri Satguru Jagjit Singh Ji Elibrary NamdhariElibrary@gmail.com

ਉਨ੍ਹਾਂ ਨੇ ਸਖੀ ਸਰਵਰੀਆਂ (ਸੁਲਤਾਨੀਆਂ) ਦੇ ਡੇਰੇ ਸਥਾਪਿਤ ਕੀਤੇ। ਸਖੀ ਸਰਵਰੀਆਂ ਦਾ ਮੋਢੀ ਸੁਲਤਾਨ ਸੱਯਦ ਅਹਿਮਦ ਸੀ। ਇਸ ਦਾ ਜਨਮ ਸਿਆਲਕੋਟ ਅਤੇ ਮੌਤ ਡੇਰਾ ਗਾਜ਼ੀਖਾਨ ਨੇੜੇ ਪਿੰਡ ਨਗਾਹੇ ਵਿਚ ਹੋਈ ਮੰਨੀ ਜਾਂਦੀ ਹੈ। ਇਸੇ ਸੁਲਤਾਨ ਦੇ ਤਿੰਨ ਚੇਲਿਆਂ ਵਿਚੋਂ ਇਕ ਚੇਲਾ ਸ਼ੇਖ ਫੱਤਾ ਸੀ। ਇਸ ਦੀ ਕਬਰ ਪਿੰਡ ਪੱਖੋ ਨੇੜੇ ਤਰਨ ਤਾਰਨ ਬਣੀ ਹੋਈ ਹੈ। ਇਸ ਕਰਕੇ ਇਸ ਇਲਾਕੇ ਵਿਚ ਸਖੀ ਸਰਵਰੀਆਂ ਦਾ ਬਹੁਤ ਬੋਲ-ਬਾਲਾ ਸੀ। ਇਹ ਧਾਗੇ ਤਵੀਤਾਂ, ਟੂਣੇ-ਟਾਮਣਾਂ ਤੇ ਵਹਿਮਾਂ-ਭਰਮਾਂ ਵਿਚ ਪਾ ਕੇ ਲੋਕਾਂ ਨੂੰ ਇਸਲਾਮ ਧਰਮ ਨਾਲ ਜੋੜ ਰਹੇ ਸਨ। ਮਾਝੇ-ਦੁਆਬੇ ਦਾ ਇਕ ਤੀਰਥਾ ਨਾਮੀ ਪ੍ਰੇਮੀ ਸਖੀ ਸਰਵਰੀਆਂ ਦਾ ਪੈਰੋਕਾਰ ਸੀ, ਇਸ ਦੇ ਘਰ ਵਿਚ ਹੀ ਪੀਰਖਾਨਾ ਬਣਿਆ ਹੋਇਆ ਸੀ। ਇਹ ਨਿਗਾਹੇ ਜਥਾ ਲੈ ਕੇ ਜਾਂਦਾ ਹੁੰਦਾ ਸੀ। ਇਕ ਵਾਰ ਇਹ ਨਿਗਾਹੇ ਤੋਂ ਵਾਪਿਸ ਸ੍ਰੀ ਅੰਮ੍ਰਿਤਸਰ ਗੁਰੂ ਅਰਜਨ ਦੇਵ ਜੀ ਦੇ ਦਰਸ਼ਨਾਂ ਨੂੰ ਆਇਆ। ਅੰਮ੍ਰਿਤਸਰ ਵਿਖੇ ਸੇਵਾ, ਰਹਿਣੀ-ਬਹਿਣੀ ਤੇ ਕਰਨੀ-ਕਥਨੀ ਇਕ ਵੇਖ ਕੇ ਸਿੱਖੀ ਦੀ ਦਾਤ ਮੰਗੀ। ਸਤਿਗੁਰੂ ਜੀ ਨੇ ਕਿਹਾ ਸਿੱਖੀ ਸੌਖੀ ਨਹੀਂ। ਵਾਲ ਨਾਲੋਂ ਬਰੀਕ ਤੇ ਖੰਡੇ ਨਾਲੋਂ ਤਿੱਖੀ ਹੈ। ਸਿੱਖੀ ਦਾ ਮੂਲ ਨਿਮਰਤਾ ਹੈ। ਤੂੰ ਸਰਵਰੀ ਨੂੰ ਆਪਣਾ ਪੀਰ ਬਣਾਇਆ ਹੋਇਆ ਹੈ। ਉਹ ਰਾਹ ਸੌਖਾ ਹੈ। ਤੇਰੇ ਕੋਲ ਚੌਧਰਪੁਣਾ ਹੈ, ਪਰ ਸਿੱਖੀ ਤਾਂ ਸੇਵਕੀ ਵਿਚ ਫਬਦੀ ਹੈ। ਤੀਰਥੇ (ਭਾਈ ਮੰਝ) ਨੇ ਸਿੱਖੀ ਦੀ ਦਾਤ ਲੈਣ ਲਈ ਹੱਠ ਕੀਤਾ ਤਾਂ ਗੁਰੂ ਜੀ ਨੇ ਕਿਹਾ 'ਪੁਰਖਾ, ਸਿੱਖੀ 'ਤੇ ਸਿੱਖੀ ਨਹੀਂ ਟਿਕਦੀ। ਤੀਰਥੇ (ਮੰਝ ਜੀ) ਨੇ ਰਮਜ਼ ਪਛਾਣੀ ਤੇ ਪਿੰਡ ਪੁੱਜ ਕੇ ਸਭ ਤੋਂ ਪਹਿਲਾਂ ਆਪਣੇ ਘਰ ਵਿਚੋਂ ਪੀਰਖਾਨਾ ਢਾਹਿਆ। ਲੋਕਾਂ ਨੇ ਬਹੁਤ ਕਿਹਾ ਤੇਰਾ ਨੁਕਸਾਨ ਹੋ ਜਾਵੇਗਾ, ਪਰ ਉਹ ਨਾ ਮੰਨਿਆ। ਗੁਰੂ ਤੋਂ ਸਿੱਖੀ ਦੀ ਦਾਤ ਪ੍ਰਾਪਤ ਕਰ ਕੇ ਸੇਵਾ ਕੀਤੀ ਤੇ ਗੁਰੂ ਦੀ ਕਿਰਪਾ ਦਾ ਪਾਤਰ ਬਣਿਆ। ਗੁਰੂ ਜੀ ਨੇ ਕਿਹਾ- 'ਮੰਝ ਪਿਆਰਾ ਗੁਰੂ ਕੋ ਗੁਰ ਮੰਝ ਪਿਆਰਾ। ਮੰਝ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ।' ਇਸ ਦੇ ਸਿੱਖ ਬਣਨ ਨਾਲ ਤਾਂ ਸੁਲਤਾਨੀਆਂ ਨੂੰ ਹੋਰ ਵੀ ਬਹੁਤ ਬੁਰਾ ਲੱਗਿਆ, ਕਿਉਂਕਿ

ਇਸਲਾਮੀ ਰਾਜ ਦੇ ਪ੍ਰਸਾਰ ਦਾ ਪਹਿਲਾ ਸਭ ਤੋਂ ਵੱਡਾ ਸਾਧਨ ਇਹ ਸਖੀ ਸਰਵਰੀਏ ਹੀ ਸਨ। ਬਹੁਤੇ ਲੋਕ ਸਖੀ ਸਰਵਰੀਆਂ ਦੇ ਯੋਗਦਾਨ ਸਦਕਾ ਇਸਲਾਮੀ ਦਾਇਰੇ ਵਿਚ ਆ ਚੁਕੇ ਸਨ।

ਗੁਰੂ ਅਰਜਨ ਦੇਵ ਜੀ ਨੇ ਜਦੋਂ ਤਰਨ ਤਾਰਨ ਦੀ ਸਥਾਪਨਾ ਕੀਤੀ ਅਤੇ ਭੋਲੀ-ਭਾਲੀ ਜਨਤਾ ਦੀ ਸਖੀ ਸਰਵਰੀਆਂ ਵਲੋਂ ਕੀਤੀ ਜਾਂਦੀ ਲੁੱਟ-ਖਸੁੱਟ ਵਿਰੁੱਧ ਅਵਾਜ਼ ਉਠਾਉਂਦੇ ਹੋਏ ਕਿਹਾ-

ਨਾਨਕ ਪੀਠਾ ਪਕਾ ਸਾਜਿਆ ਧਰਿਆ ਆਣਿ ਮਉਜੂਦੁ॥
ਬਾਝਹੁ ਸਤਿਗੁਰ ਆਪਣੇ ਬੈਠਾ ਝਾਕੁ ਦਰੂਦ॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੦੮੬)*

ਗੁਰੂ ਜੀ ਨੇ ਸਰਵਰੀਆਂ ਦੇ ਚੁੰਗਲ ਵਿਚੋਂ ਕੱਢਣ ਲਈ ਜਤਨ ਅਰੰਭੇ ਤਾਂ ਇਲਾਕੇ ਦੇ ਲੋਕ ਸੱਚ ਦੇ ਮਾਰਗ ਨਾਲ ਜੁੜਨ ਲੱਗੇ। ਗੁਰੂ ਘਰ ਵਿਚ ਸੰਗਤ ਦਾ ਪਿਆਰ ਤੇ ਭਰੋਸਾ ਵਧਦਾ ਗਿਆ ਅਤੇ ਇਨ੍ਹਾਂ ਸਖੀ ਸਰਵਰੀਆਂ ਦੇ ਡੇਰਿਆਂ ਵਿਚ ਭੀੜ ਘਟਦੀ ਗਈ। ਇਹ ਸਾਰਾ ਕੁਝ ਵੇਖ ਕੇ ਸਰਵਰੀਏ ਬਹੁਤ ਦੁਖੀ ਹੋਏ ਕਿਉਂਕਿ ਲੋਕ ਹੁਣ ਇਨ੍ਹਾਂ ਵੱਲੋਂ ਫੈਲਾਏ ਹੋਏ ਭਰਮ ਜਾਲ ਵਿਚੋਂ ਨਿਕਲਣ ਲੱਗੇ ਸਨ। ਤਰਨ ਤਾਰਨ ਵਿਚ ਜਿਥੇ ਲੋਕਾਂ ਨੂੰ ਕੋਹੜ ਦੀ ਬੀਮਾਰੀ ਨੇ ਘੇਰਿਆ ਹੋਇਆ ਸੀ, ਉੱਥੇ ਗੁਰੂ ਜੀ ਨੇ ਕੋਹੜੀਆਂ ਲਈ ਕੋਹੜ ਘਰ ਬਣਾਇਆ ਅਤੇ ਆਪ ਆਪਣੇ ਸਿੱਖਾਂ ਸਮੇਤ ਉਨ੍ਹਾਂ ਦੀ ਹੱਥੀਂ ਸੇਵਾ ਕੀਤੀ। ਗੁਰੂ ਜੀ ਨੇ ਉਨ੍ਹਾਂ ਦਾ ਇਲਾਜ ਕਰਕੇ ਲੋਕਾਂ ਨੂੰ ਨਵਾਂ ਜੀਵਨ ਬਖਸ਼ਿਆ। ਦੁੱਖ ਭੋਗ ਰਹੇ ਇਹ ਲੋਕ ਜਦੋਂ ਅਰੋਗ ਹੋ ਗਏ, ਤਾਂ ਦੂਰ-ਦੁਰਾਡੇ ਦੀਆਂ ਦੁਖੀ ਸੰਗਤਾਂ ਵਹੀਰਾਂ ਘੱਤ ਕੇ ਗੁਰੂ ਦਰਬਾਰ ਵਿਚ ਆਉਣ ਲੱਗੀਆਂ। ਸਤਿਗੁਰੂ ਜੀ ਲੋਕਾਂ ਦੀਆਂ ਸਮਾਜਿਕ, ਧਾਰਮਿਕ ਅਤੇ ਆਰਥਿਕ ਸਮੱਸਿਆਵਾਂ ਨੂੰ ਸੁਲਝਾਉਂਦੇ। ਗੁਰਬਾਣੀ ਦੇ ਉਪਦੇਸ਼ਾਂ ਰਾਹੀਂ ਅਧਿਆਤਮਿਕ ਜੀਵਨ ਜੀਉਣ ਦੀ ਪ੍ਰੇਰਨਾ ਦਿੰਦੇ। ਇਹ ਸਭ ਕੁਝ ਵੇਖ ਕੇ ਸਰਵਰੀਏ ਆਪਣੇ ਪ੍ਰਚਾਰ ਦੀ ਘਟਦੀ ਮਹਾਨਤਾ ਅਤੇ ਸਿੱਖੀ ਵਿਚ ਹੋ ਰਹੇ ਵਾਧੇ ਨੂੰ ਸਹਾਰ ਨਾ ਸਕੇ। ਉਨ੍ਹਾਂ ਨੇ ਮੌਕਾ ਵੇਖ ਕੇ ਗੁਰੂ

Sri Satguru Jagjit Singh Ji Elibrary NamdhariElibrary@gmail.com

ਜੀ ਪ੍ਰਤੀ ਜਹਾਂਗੀਰ ਕੋਲ ਸ਼ਿਕਾਇਤਾਂ ਕੀਤੀਆਂ। ਉਨ੍ਹਾਂ ਜਹਾਂਗੀਰ ਨੂੰ ਸ਼ਿਕਾਇਤ ਕੀਤੀ ਕਿ ਗੁਰੂ ਅਰਜਨ ਦੇਵ ਲੋਕਾਂ ਨੂੰ ਕੁਫ਼ਰ ਨਾਲ ਜੋੜ ਰਿਹਾ ਹੈ। ਉਸ (ਗੁਰੂ) ਨੇ ਇਕ ਗ੍ਰੰਥ ਬਣਾਇਆ ਹੈ, ਜਿਸ ਵਿਚ ਇਸਲਾਮ ਦੀ ਤੌਹੀਨ ਕੀਤੀ ਗਈ ਹੈ। ਇਹ ਝੂਠ ਬੋਲ ਕੇ ਮੁਗ਼ਲ ਹਕੂਮਤ ਨੂੰ ਗੁਰੂ ਜੀ ਦੇ ਖ਼ਿਲਾਫ਼ ਕਰ ਦਿੱਤਾ। ਮੁਗ਼ਲ ਹਕੂਮਤ ਪਹਿਲਾਂ ਹੀ ਮੌਕੇ ਦੀ ਤਾੜ ਵਿਚ ਸੀ ਕਿ ਚੰਦੂ ਦਾ ਭਾਣਾ ਵਰਤ ਗਿਆ। ਪ੍ਰਿਥੀ ਚੰਦ ਵੀ ਗੁਰੂ ਜੀ ਦੇ ਵਿਰੁੱਧ ਸੀ। ਇਨ੍ਹਾਂ ਸਾਰਿਆਂ ਨੇ ਰਲ ਕੇ ਗੁਰੂ ਜੀ ਨੂੰ ਸ਼ਹੀਦ ਕਰਵਾਇਆ, ਪਰ ਇਸ ਵਿਚ ਸਖੀ ਸਰਵਰੀਆਂ ਨੇ ਅਹਿਮ ਰੋਲ ਅਦਾ ਕੀਤਾ ਹੈ।

ਸਖੀ ਸਰਵਰੀਆਂ ਦੁਆਰਾ ਸ਼ੇਖ ਫੱਤੇ ਬਾਰੇ ਕੁਝ ਸਮਾਂ ਬਾਅਦ ਵਿਚ ਇਕ ਮਨਘੜਤ ਕਹਾਣੀ ਬਣਾਈ ਗਈ ਕਿ ਸ਼ੇਖ ਫੱਤਾ ਨਾਂ ਦਾ ਇੱਕ ਪੀਰ ਗੁਰੂ ਘਰ ਦੀਆਂ ਮੱਝਾਂ ਗਾਂਵਾਂ ਚਾਰਦਾ ਅਤੇ ਸੰਗਤ ਵਾਸਤੇ ਦੁੱਧ ਦੀ ਸੇਵਾ ਕਰਦਾ ਸੀ। ਇਸ ਦੁੱਧ ਦੀ ਬਣੀ ਖੀਰ ਸਾਰਿਆਂ ਨੂੰ ਵਰਤਦੀ ਸੀ। ਇਕ ਦਿਨ ਸ਼ੇਖ ਫੱਤਾ ਮੱਝਾਂ ਚਾਰਦਾ ਹੋਇਆ ਕਿਤੇ ਦੂਰ ਚਲਾ ਗਿਆ। ਜਦੋਂ ਵਾਪਿਸ ਆਇਆ ਤਾਂ ਖੀਰ ਮੁੱਕ ਗਈ ਸੀ। ਉਸ ਨੇ ਕਿਹਾ ਕਿ ਤੁਸੀਂ ਮੈਨੂੰ ਮੁਸਲਮਾਨ ਹੋਣ ਕਰਕੇ ਖੀਰ ਨਹੀਂ ਦੇ ਰਹੇ ਅਤੇ ਉਹ ਲਾਂਗਰੀਆਂ ਨਾਲ ਝਗੜਾ ਕਰਨ ਲਗ ਪਿਆ। ਇੰਨੇ ਨੂੰ ਗੁਰੂ ਜੀ ਆ ਗਏ। ਜਦੋਂ ਉਨ੍ਹਾਂ ਨੂੰ ਸਾਰੀ ਗੱਲ ਦੱਸੀ ਤਾਂ ਗੁਰੂ ਜੀ ਨੇ ਫੱਤੇ ਨੂੰ ਕਿਹਾ, ਜਾਹ ਫੱਤਿਆ! ਤੇਰੇ ਕੁੱਤੇ ਵੀ ਖੀਰਾਂ ਖਾਣਗੇ ਤੇ ਤੇਰੇ ਦਰ 'ਤੇ ਖੀਰਾਂ ਦੇ ਢੇਰ ਲਗਣਗੇ। ਲੋਕਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੋਣਗੀਆਂ। ਸਰਵਰੀਆਂ ਨੇ ਆਪਣੇ ਪ੍ਰਚਾਰਕਾਂ ਰਾਹੀਂ ਇਸ ਝੂਠੀ ਕਹਾਣੀ ਦਾ ਲੋਕਾਂ ਵਿਚ ਪ੍ਰਚਾਰ ਸ਼ੁਰੂ ਕਰ ਦਿੱਤਾ। ਇਹ ਸਾਰੀ ਕਹਾਣੀ ਮਨਘੜਤ ਅਤੇ ਝੂਠੀ ਬਣਾਈ ਹੋਈ ਹੈ ਜਿਸ ਦਾ ਸਿੱਖ ਇਤਿਹਾਸ ਅਤੇ ਹੋਰ ਕਿਸੇ ਵੀ ਸ੍ਰੋਤ ਵਿਚ ਜ਼ਿਕਰ ਨਹੀਂ ਮਿਲਦਾ। ਇਸਲਾਮ ਦੇ ਪ੍ਰਚਾਰਕਾਂ ਨੇ ਲੋਕਾਂ ਅੰਦਰ ਬੜੇ ਜ਼ੋਰ-ਸ਼ੋਰ ਨਾਲ ਇਸ ਝੂਠ ਨੂੰ ਫੈਲਾਉਣ ਦਾ ਜਤਨ ਕੀਤਾ, ਕਿਉਂਕਿ ਗੁਰੂ ਅਰਜਨ ਦੇਵ ਜੀ ਤਾਂ ਸ਼ਹੀਦ ਹੋ ਚੁੱਕੇ ਸਨ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣਾ

Sri Satguru Jagjit Singh Ji Elibrary NamdhariElibrary@gmail.com

ਨਿਵਾਸ ਇਸ ਇਲਾਕੇ ਤੋਂ ਦੂਰ ਕੀਰਤਪੁਰ ਕਰ ਲਿਆ ਸੀ। ਇਸ ਪ੍ਰਚਾਰ ਨਾਲ ਲੋਕ ਫਿਰ ਸਖੀ ਸਰਵਰੀਆਂ ਦੇ ਡੇਰੇ ਖੀਰਾਂ ਲੈ ਕੇ ਜਾਣ ਲੱਗ ਪਏ। ਮਾਲਵੇ ਵਿਚ ਕੁਝ ਸਾਡੇ ਪ੍ਰਚਾਰਕਾਂ ਨੇ ਇਸ ਕਹਾਣੀ ਨੂੰ ਬਿਨਾਂ ਪੜਤਾਲ ਕੀਤਿਆਂ ਹੀ ਸੁਣਾਉਣਾ ਸ਼ੁਰੂ ਕਰ ਦਿੱਤਾ। ਜਿਸ ਦਾ ਅਸਰ ਅੱਜ ਮਾਲਵੇ ਅੰਦਰ ਦੇਖਣ ਨੂੰ ਮਿਲਦਾ ਹੈ। ਗੁਰਮਤਿ ਅਨੁਸਾਰ ਵੇਖਿਆ ਜਾਵੇ ਤਾਂ ਦੁੱਧ ਨੂੰ ਗੁਰਬਾਣੀ ਵਿਚ ਅੰਮ੍ਰਿਤ ਰੂਪ ਮੰਨਿਆ ਗਿਆ ਹੈ। ਇਸ ਅੰਮ੍ਰਿਤ ਰੂਪੀ ਦੁੱਧ ਤੋਂ ਬਣੀ ਖੀਰ ਦੀ ਕਿਸ ਤਰ੍ਹਾਂ ਸ਼ੇਖ ਫੱਤੇ ਬੇਅਦਬੀ ਹੁੰਦੀ ਹੈ। ਇੰਨਾ ਹੀ ਨਹੀਂ ਤੁਹਾਡੀ ਚੜ੍ਹਾਈ ਖੀਰ ਹੋਟਲਾ ਤੇ ਰੈਸਟੋਰੈਂਟਾਂ ਵਿਚ ਵੇਚੀ ਜਾਂਦੀ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਜਿਹੜੇ ਸਖੀ ਸਰਵਰੀਆਂ ਨੇ ਗੁਰੂ ਪੰਚਮ ਪਾਤਸ਼ਾਹ ਦੀ ਸ਼ਹਾਦਤ ਕਰਵਾਉਣ ਵਿਚ ਅਹਿਮ ਭੂਮਿਕਾ ਨਿਭਾਈ ਅੱਜ ਅਸੀਂ ਉਨ੍ਹਾਂ ਦੇ ਸਥਾਨਾਂ 'ਤੇ ਖੀਰਾਂ ਚੜ੍ਹਾ ਰਹੇ ਹਾਂ।

ਸਮਕਾਲੀ ਹਾਲਾਤ ਕੀ ਹਨ? ਇੱਕੀਵੀਂ ਸਦੀ ਜਿਸ ਨੂੰ ਕੰਪਿਊਟਰ ਦਾ ਯੁੱਗ ਜਾਂ ਸਾਇੰਸ ਯੁੱਗ ਕਿਹਾ ਜਾਂਦਾ ਹੈ, ਇੰਨੇ ਪੜ੍ਹਨ-ਲਿਖਣ ਦੇ ਬਾਵਜੂਦ ਲੋਕ ਮੜ੍ਹੀਆਂ-ਮਸਾਣਾਂ ਤੇ ਪੀਰਾਂ ਦੀਆਂ ਦਰਗਾਹਾਂ ਨੂੰ ਪੂਜਣੋਂ ਨਹੀਂ ਹੱਟਦੇ। ਪਰੰਪਰਾਵਾਦੀ ਰੀਤਾਂ ਨੇ ਸਾਡੇ ਸਮਾਜ ਨੂੰ ਇਸ ਤਰ੍ਹਾਂ ਜਕੜ ਲਿਆ ਹੈ ਜਿਵੇਂ ਇਕ ਦਰੱਖਤ ਨੂੰ ਅਮਰਵੇਲ ਨੇ ਜਕੜ ਲਿਆ ਹੋਵੇ। ਦੁੱਖ ਦੀ ਗੱਲ ਇਹ ਹੈ ਕਿ ਸਾਡੇ ਸਿੱਖ ਵੀਰ ਅੰਮ੍ਰਿਤਧਾਰੀ ਹੋ ਕੇ ਵੀ ਅਜਿਹੀਆਂ ਦਰਗਾਹਾਂ ਖਾਸ ਕਰਕੇ ਸ਼ੇਖ ਫੱਤੇ ਦੀ ਦਰਗਾਹ ਉਪਰ ਖੀਰਾਂ ਚੜ੍ਹਾਉਂਦੇ ਤੇ ਆਪਣੀਆਂ ਮੰਨਤਾਂ ਮੰਗਣ ਲਈ ਜਾਂਦੇ ਹਨ।

ਕੀ ਅਸੀਂ ਸਰਵਰੀਆਂ ਦੇ ਉਪਾਸਕ ਹਾਂ ਜਾਂ ਗੁਰੂ ਸਾਹਿਬਾਨ ਦੇ? ਗੁਰੂ ਪਿਆਰਿਓ, ਆਓ! ਗੁਰੂ ਦੇ ਕੀਤੇ ਉਪਕਾਰਾਂ ਨੂੰ ਪਛਾਣੀਏ ਤੇ ਗੁਰੂ ਦੇ ਦਰਸਾਏ ਮਾਰਗ 'ਤੇ ਚੱਲੀਏ। ਆਪਣੇ ਮਨ ਵਿਚੋਂ ਇਨ੍ਹਾਂ ਕਬਰਾਂ ਨਾਲ ਜੁੜੀ ਸੋਚ ਨੂੰ ਬਦਲੀਏ। ਇਸਲਾਮ ਵਿਚ ਕਬਰ ਨੂੰ ਪੂਜਣਾ ਬਹੁਤ ਵੱਡਾ ਪਾਪ ਹੈ, ਪਰ ਅਸੀਂ ਆਪਣੇ ਪੁਰਖਿਆਂ ਨੂੰ ਕਦੇ

ਮੱਥਾ ਨਹੀਂ ਟੇਕਦੇ ਤੇ ਮੁਸਲਮਾਨ ਦੀ ਕਬਰ ਨੂੰ ਪੂਜਦੇ ਹਾਂ, ਲਾਹਨਤ ਹੈ ਸਾਡੇ 'ਤੇ!

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ
ਮੜੈ ਮਸਾਣਿ ਨ ਜਾਈ॥

*(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੬੩੪)*

ਦੇ ਮਹਾਵਾਕ 'ਤੇ ਪਹਿਰਾ ਦੇਈਏ। ਗੁਰੂ ਘਰ ਨਾਲ ਜੁੜੀਏ। ਦੁਬਿਧਾ 'ਚ ਨਾ ਪਈਏ ਤੇ ਨਾ ਹੀ ਕਬਰਾਂ ਅਤੇ ਮੜ੍ਹੀਆਂ-ਮਸਾਣਾਂ 'ਤੇ ਜਾ ਕੇ ਮੱਥੇ ਰਗੜੀਏ ਤੇ ਖੀਰਾਂ ਚੜ੍ਹਾਈਏ। ਜੇ ਜਾਣਾ ਹੈ, ਤਾਂ ਗੁਰੂ ਦੇ ਸਥਾਨਾਂ ਸ੍ਰੀ ਅੰਮ੍ਰਿਤਸਰ ਸਾਹਿਬ, ਤਰਨ ਤਾਰਨ, ਬੀੜ ਬਾਬਾ ਬੁੱਢਾ ਜੀ ਆਦਿ ਅਤੇ ਹੋਰ ਨਜ਼ਦੀਕੀ ਗੁਰੂ ਘਰ ਦੇ ਲੰਗਰ ਵਿਚ ਖੀਰਾਂ ਲੈ ਕੇ ਜਾਓ, ਜਿਥੋਂ ਸਾਰੀ ਲੋਕਾਈ ਨੂੰ ਗੁਰੂ ਦੀਆਂ ਖ਼ੁਸ਼ੀਆਂ ਤੇ ਬਖਸ਼ਿਸ਼ਾਂ ਮਿਲਦੀਆਂ ਹਨ। ਕਿਸੇ ਹੋਰ ਤੋਂ ਮੰਗਣ ਦੀ ਬਜਾਏ ਗੁਰੂ ਨਾਨਕ ਦੇ ਦਰ ਦੇ ਮੰਗਤੇ ਬਣੀਏ।

ਗੁਰੂ ਨਾਨਕ ਸਾਹਿਬ ਦੇ ਲਾਏ ਬੂਟੇ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਲਗਭਗ 239 ਸਾਲ ਦੇ ਸਮੇਂ ਬਾਅਦ ਇੱਕ ਅਜਿਹੇ ਖਾਲਸੇ ਨੂੰ ਪ੍ਰਗਟ ਕੀਤਾ, ਜਿਹੜਾ ਗੁਰੂ ਨੂੰ ਸੀਸ ਦੇ ਕੇ ਗੁਰੂ ਰੂਪ ਬਣਿਆ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਖਾਲਸੇ ਨੂੰ ਆਪਣਾ ਰੂਪ ਮੰਨਦਿਆਂ 'ਖਾਲਸਾ ਮੇਰੋ ਰੂਪ ਹੈ ਖਾਸ ਖਾਲਸੇ ਮੇ ਹਉਂ ਕਰਉਂ ਨਿਵਾਸ' ਦਾ ਵਚਨ ਕੀਤਾ। ਇਹ ਉਹ ਖਾਲਸਾ ਸੀ, ਜਿਹੜਾ ਕੇਵਲ ਤੇ ਕੇਵਲ ਗੁਰੂ ਅੱਗੇ ਹੀ ਸੀਸ ਨਿਵਾਉਂਦਾ ਸੀ। ਹੋਰ ਕਿਸੇ ਮੜ੍ਹੀ-ਮਸਾਣੀ, ਪੀਰ-ਪੈਗ਼ੰਬਰ ਆਦਿ ਨੂੰ ਨਹੀਂ ਮੰਨਦਾ ਸੀ।

ਸ੍ਰੀ ਅਕਾਲ ਤਖਤ ਸਾਹਿਬ ਤੋਂ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਵਿਚ ਸਿੱਖ ਦੀ ਤਾਰੀਫ 'ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ

ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ,' ਦਰਜ ਕੀਤੀ ਗਈ ਹੈ। ਦੁੱਖ ਦੀ ਗੱਲ ਇਹ ਹੈ ਕਿ ਜਿਹੜੇ ਕਰਮ-ਕਾਂਡਾਂ ਤੋਂ ਗੁਰੂ ਸਾਹਿਬਾਨ ਨੇ ਵਰਜਿਆ ਸੀ, ਅੱਜ ਉਹੀ ਕਰਮ-ਕਾਂਡਾਂ ਵਿਚ ਫਸੇ ਪਏ ਹਨ, ਜਿਹੜੇ ਗੁਰਮਤਿ ਦੇ ਬਿਲਕੁਲ ਉਲਟ ਹਨ। ਬੜਾ ਦੁੱਖ ਹੁੰਦਾ ਹੈ ਜਦੋਂ ਅੰਮ੍ਰਿਤ ਛਕ ਕੇ ਆਪਣੇ ਸਰੀਰ 'ਤੇ ਗੁਰੂ ਦੇ ਬਖਸ਼ੇ ਪੰਜ ਕਕਾਰ ਧਾਰਨ ਕਰਕੇ ਕਬਰ ਉਪਰ ਖੀਰ ਚੜ੍ਹਾਉਣ ਜਾਂਦੇ ਹਨ। ਪੰਜ ਪਿਆਰੇ ਸਾਹਿਬਾਨ ਵਲੋਂ ਅੰਮ੍ਰਿਤ ਛਕਾਉਣ ਵੇਲੇ ਹੁਕਮ ਕੀਤਾ ਜਾਂਦਾ ਹੈ, ਅੱਜ ਤੋਂ ਬਾਅਦ ਤੁਹਾਡੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਇਸ ਤੋਂ ਸਿਵਾਏ ਕਿਸੇ ਅੱਗੇ ਸਿਰ ਨਹੀਂ ਝੁਕਾਉਣਾ। ਕਿਸੇ ਮੜ੍ਹੀ-ਮਸਾਣ ਨੂੰ ਨਹੀਂ ਪੂਜਣਾ। ਸਿੱਖ ਨੇ ਪੂਜਾ ਅਕਾਲ ਦੀ, ਪਰਚਾ ਸਬਦ ਦਾ ਅਤੇ ਦੀਦਾਰ ਖਾਲਸੇ ਦਾ ਕਰਨਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਨਿਆਰਾ ਖਾਲਸਾ ਬਣਾਉਂਦੇ ਕਿਹਾ ਸੀ ਕਿ ਜਿਹੜਾ ਅੰਮ੍ਰਿਤ ਛਕ ਕੇ ਬਿਪਰਨ (ਬ੍ਰਾਹਮਣਵਾਦੀ ਰੀਤਾਂ) ਵਾਲੀਆਂ ਰੀਤਾਂ ਕਰੇਗਾ ਮੈਂ ਉਸ ਦੀ ਕਦੇ ਵੀ ਪਰਤੀਤ ਨਹੀਂ ਕਰਾਂਗਾ-

ਜਬ ਲਗ ਖਾਲਸਾ ਰਹੈ ਨਿਆਰਾ॥
ਤਬ ਲਗ ਤੇਜ ਦੀਉਂ ਮੈਂ ਸਾਰਾ॥
ਜਬ ਇਹ ਗਹੈ ਬਿਪਰਨ ਕੀ ਰੀਤ॥
ਮੈਂ ਨ ਕਰਉਂ ਇਨ ਕੀ ਪਰਤੀਤ॥ *(ਸਰਬਲੋਹ ਗ੍ਰੰਥ)*

ਪਰ ਕਈ ਲੋਕ ਅੰਮ੍ਰਿਤ ਛਕ ਕੇ ਵੀ ਮੜ੍ਹੀਆਂ-ਮਸਾਣਾਂ, ਪੀਰਾਂ ਦੀਆਂ ਦਰਗਾਹਾਂ 'ਤੇ ਮੱਥੇ ਰਗੜਦੇ ਫਿਰਦੇ ਹਨ। ਗੁਰੂ ਨੇ ਸਾਥੋਂ ਕੁਝ ਨਹੀਂ ਲੁਕੋ ਕੇ ਰੱਖਿਆ ਸਾਰਾ ਕੁਝ ਸਾਡੇ ਸਾਹਮਣੇ ਲੋਕ ਭਲਾਈ ਲਈ ਕੀਤਾ। ਦਮਦਮੇ ਦੀ ਧਰਤੀ 'ਤੇ ਦਸਮ ਪਿਤਾ ਨੇ ਆਪਣਾ ਪਰਿਵਾਰ ਵਾਰ ਕੇ ਕਿਹਾ ਸੀ-

ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।

Sri Satguru Jagjit Singh Ji Elibrary NamdhariElibrary@gmail.com

ਚਾਰ ਮੂਏ ਤੋਂ ਕਿਆ ਹੂਆ ਜੀਵਤ ਕਈ ਹਜਾਰ।

ਸੋ ਸਾਨੂੰ ਆਪਣੇ ਵਿਰਸੇ ਨੂੰ ਪਛਾਣਨਾ ਚਾਹੀਦਾ ਹੈ। ਇਤਿਹਾਸਕ ਤੱਥਾਂ ਦੇ ਆਧਾਰ 'ਤੇ ਪਤਾ ਲਗਦਾ ਹੈ ਕਿ ਸ਼ੇਖ ਫੱਤੇ ਨਾਮ ਦਾ ਕੋਈ ਵੀ ਵਿਅਕਤੀ ਗੁਰੂ ਅਰਜਨ ਦੇਵ ਜੀ ਦਾ ਸ਼ਰਧਾਲੂ ਨਹੀਂ ਸੀ। ਇਹ ਸ਼ੇਖ ਫੱਤੇ ਨਾਲ ਸੰਬੰਧਿਤ ਕਹਾਣੀ ਮਨਘੜਤ ਤੇ ਝੂਠੀ ਸਾਜ਼ਿਸ਼ ਤਹਿਤ ਸਖੀ ਸਰਵਰੀਆਂ ਵਲੋਂ ਪ੍ਰਚਲਿਤ ਕੀਤੀ ਗਈ ਹੈ ਜਿਸ ਦਾ ਕੋਈ ਅਧਾਰ ਨਹੀਂ। ਇਸ ਕਬਰ 'ਤੇ ਖੀਰ ਚੜ੍ਹਾਉਣ ਲਈ ਮਾਲਵੇ ਵਿਚੋਂ ਆਏ ਕਈ ਸੱਜਣਾਂ ਨਾਲ ਮੇਰੀ ਗੱਲਬਾਤ ਹੋਈ। ਮੈਂ ਉਨ੍ਹਾਂ ਨੂੰ ਪੁਛਿਆ ਕਿ ਤੁਸੀਂ ਸ਼ੇਖ ਫੱਤੇ ਬਾਰੇ ਕੀ ਜਣਾਦੇ ਹੋ? ਉਨ੍ਹਾਂ ਸੁਣੀ ਸੁਣਾਈ ਉਹੀ ਕਹਾਣੀ ਸੁਣਾਈ ਕਿ ਸ਼ੇਖ ਫਤੇ ਨੂੰ ਗੁਰੂ ਜੀ ਨੇ ਵਰ ਦਿੱਤਾ ਸੀ?..., ਜਦੋਂ ਮੈਂ ਇਸ ਦੀ ਅਸਲੀਅਤ ਬਾਰੇ ਦੱਸਿਆ ਤਾਂ ਉਹ ਹੈਰਾਨ ਸਨ ਕਿ ਸਾਨੂੰ ਅੱਜ ਤੱਕ ਕਿਸੇ ਨੇ ਇਸ ਬਾਰੇ ਜਾਣਕਾਰੀ ਨਹੀਂ ਦਿੱਤੀ। ਸਾਥੋਂ ਬੜੀ ਭੁੱਲ ਹੋਈ ਹੈ। ਜਿਹੜੇ ਬੰਦਿਆਂ (ਸਰਵਰੀਆਂ) ਦਾ ਗੁਰੂ ਪਾਤਸ਼ਾਹ ਜੀ ਦੀ ਸ਼ਹਾਦਤ ਵਿਚ ਇੰਨਾ ਵੱਡਾ ਹੱਥ ਸੀ, ਅਸੀਂ ਉਨ੍ਹਾਂ ਦੀਆਂ ਕਬਰਾਂ 'ਤੇ ਦੇਖਾ-ਦੇਖੀ ਬਿਨਾਂ ਸੋਚੇ ਸਮਝੇ ਮੱਥੇ ਟੇਕਦੇ ਹਾਂ। ਇਸ ਦਾ ਤਾਂ ਸਾਡੇ ਨਾਲ ਕੋਈ ਦੂਰ ਦਾ ਵਾਸਤਾ ਵੀ ਨਹੀਂ। ਹੁਣ ਸੋਚਣਾ ਅਸੀਂ ਹੈ, ਵੇਖਣਾ ਅਸੀਂ ਹੈ ਕਿ ਕਿਸ ਦੀ ਯਾਤਰਾ ਕਰਨੀ ਹੈ? ਸ਼ੇਖ ਫੱਤੇ ਦੀ ਜਾਂ ਗੁਰੂ ਅਰਜਨ ਪਾਤਸ਼ਾਹ ਦੇ ਸਥਾਪਿਤ ਕੀਤੇ ਅਸਥਾਨ ਤਰਨ ਤਾਰਨ ਦੀ, ਜਿੱਥੇ ਕੋਹੜੀਆਂ ਤੇ ਦੁਖੀਆਂ ਨੂੰ ਜੀਵਨ ਦਾਨ ਬਖਸ਼ਿਆ ਜਾਂਦਾ ਰਿਹਾ ਹੈ।

Sri Satguru Jagjit Singh Ji Elibrary NamdhariElibrary@gmail.com

ਕੋਊ ਬੁਤਾਨ ਕੋ ਪੂਜਤ ਹੈ ਪਸੁ॥
ਕੋਊ ਮ੍ਰਿਤਾਨ ਕੋ ਪੂਜਨ ਧਾਇਓ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ॥
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥

ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ,
ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥

ਰਹਿਣੀ ਰਹੈ ਸੋਈ ਸਿੱਖ ਮੇਰਾ।
ਵਹ ਠਾਕੁਰ ਮੈਂ ਉਸ ਕਾ ਚੇਰਾ॥

Sri Satguru Jagjit Singh Ji Elibrary NamdhariElibrary@gmail.com